Roll No. ..................

Total No. of Questions : 13]

**72/C**

[Total No. of Printed Pages : 3

**X**

**2037**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI**

**Paper–B**

**(Morning Session)**

Time allowed : Three hours

Maximum marks : 50

**ਨੋਟ :** *(i)* *ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ* **72/C** *ਜ਼ਰੂਰ ਦਰਜ ਕਰੋ ਜੀ ।*

*(ii)* *ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii)* *ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv)* *ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v)* ***ਸਾਰੇ ਪ੍ਰਸ਼ਨ ਜ਼ਰੂਰੀ ਹਨ ।***

*(vi)* *ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।*

*(vii)* *ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਆਧਾਰਿਤ ਹੋਣੇ ਚਾਹੀਦੇ ਹਨ ।*

**1.** **ਵਸਤੂਨਿਸ਼ਠ ਪ੍ਰਸ਼ਨ :**

(ੳ) ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ ।

(ਅ) ਮਲਵਈ ਉਪਬੋਲੀ ਨਾਲ਼ ਸੰਬੰਧਿਤ ਕਿਸੇ ਇੱਕ ਜ਼ਿਲ੍ਹੇ ਦਾ ਨਾਂ ਲਿਖੋ ।

(ੲ) ਪੰਜਾਬੀ ਦੀਆਂ 'ਨਾਸਿਕੀ ਧੁਨੀਆਂ', ਸੂਰ ਹਨ ਜਾਂ ਵਿਅੰਜਨ ?

(ਸ) ਗੁਰਮੁਖੀ ਵਰਨ-ਮਾਲ਼ਾ ਦਾ ਪਹਿਲਾਂ ਨਾਂ ਕੀ ਸੀ ?

(ਹ) "ਠੰਢਾ ਪਾਣੀ ਪੀਓ ।" ਵਾਕ ਵਿੱਚ ਕਿਰਿਆ ਇਕਹਿਰੀ ਹੈ ਜਾਂ ਸੰਜੁਗਤ ?

(ਕ) ਸਧਾਰਨ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ ਲੱਗਦਾ ਹੈ ?

(ਖ) 'ਜੀ ਆਇਆਂ ਨੂੰ / 'ਧੰਨ ਭਾਗ' ਸ਼ਬਦ ਕਿਸ ਪ੍ਰਕਾਰ ਦੇ ਵਿਸਮਕ ਹਨ ?

(ਗ) 'ਜਿਹੜਾ ਸਮਾਂ ਆਉਣ ਵਾਲ਼ਾ ਹੋਵੇ', ਉਸ ਨੂੰ ਕੀ ਕਹਿੰਦੇ ਹਨ ?

(ਘ) 'ਸ਼ਰਮੀਲਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ ।

(ਙ) 'ਸੋਹਣਾ' ਸ਼ਬਦ ਦਾ ਇੱਕ ਸਮਾਨਾਰਥਕ ਸ਼ਬਦ ਲਿਖੋ । 10×½=5

**2.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ :

(ੳ) ਗੁਰੂ ਗੋਬਿੰਦ ਸਿੰਘ ਜੀ

(ਅ) ਪੰਜਾਬ ਦੀਆਂ ਲੋਕ-ਖੇਡਾਂ

(ੲ) ਵਿਦਿਆਰਥੀ ਤੇ ਨਸ਼ੇ

(ਸ) ਕਿਸੇ ਧਾਰਮਿਕ ਸਥਾਨ ਦੀ ਯਾਤਰਾ

(ਹ) ਮਹਿੰਗਾਈ । 8

3. ਤੁਸੀਂ ਸਕੂਲ ਵੱਲੋਂ ਵਿਰਾਸਤ-ਏ-ਖ਼ਾਲਸਾ/ਪੁਸ਼ਪ ਗੁਜਰਾਲ ਸਾਇੰਸ ਸਿਟੀ ਵੇਖਣ ਲਈ ਵਿੱਦਿਅਕ ਯਾਤਰਾ 'ਤੇ ਗਏ ਸੀ । ਇੱਕ ਪੱਤਰ ਰਾਹੀਂ ਆਪਣੇ ਅਨੁਭਵ ਆਪਣੇ ਮਾਤਾ ਜੀ ਨਾਲ਼ ਸਾਂਝੇ ਕਰੋ ।

ਜਾਂ

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਆਪਣੇ ਆਲ਼ੇ-ਦੁਆਲ਼ੇ ਵਿੱਚ ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਕੀਤੀ ਜਾਂਦੀ ਮਿਲ਼ਾਵਟ ਬਾਰੇ ਚਰਚਾ ਕੀਤੀ ਗਈ ਹੋਵੇ । 1+3+1=5

4. ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਲਗ-ਪਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ :

ਸਮਾਂ ਇੱਕ ਮਹਾਨ ਖ਼ਜ਼ਾਨਾ ਹੈ । ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ । ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ । ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਸਵੇਰੇ ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ । ਕਿਸੇ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ । ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ । ਬਾਰ੍ਹਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ । ਕੰਮ ਦੇ ਸਮੇਂ ਵਿਚਕਾਰ ਇੱਕ-ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ । ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁਲਿਤ ਹੋ ਚੁੱਕਾ ਹੈ । ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲ਼ੋਂ ਕਈ ਗੁਣਾ ਵਧੇਰੇ ਹੁੰਦੀ ਹੈ । 4+1=5

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਸਿੱਖਿਆ ਜੀਵਨ ਭਰ ਚਲਦੀ ਹੈ । ਇਹ ਗਿਣਤੀ ਦੀਆਂ ਜਮਾਤਾਂ ਪਾਸ ਕਰਨ ਨਾਲ਼ ਖ਼ਤਮ ਨਹੀਂ ਹੁੰਦੀ । ਸਿਆਣੇ ਆਖਦੇ ਹਨ ਸਾਨੂੰ ਹਰ ਪਲ ਕੁਝ ਨਵਾਂ ਸਿੱਖਣ ਦਾ ਮੌਕਾ ਮਿਲ਼ਦਾ ਹੈ । ਕੁਦਰਤ ਤੋਂ ਸਿੱਖਣ ਲਈ ਕਿੰਨਾ ਕੁਝ ਹੈ । ਆਪਣੇ ਗਲੀ-ਮੁਹੱਲੇ ਦੇ ਆਪ ਤੋਂ ਵੱਡੀ ਉਮਰ ਦੇ ਅਤੇ ਵੱਧ ਪੜ੍ਹੇ-ਲਿਖੇ ਲੋਕਾਂ ਤੋਂ ਵੀ ਕੁਝ ਨਾ ਕੁਝ ਸਿੱਖਿਆ ਜਾ ਸਕਦਾ ਹੈ । ਸੂਝਵਾਨ ਲੋਕ ਆਪਣੀਆਂ ਗਲਤੀਆਂ ਅਤੇ ਅਸਫ਼ਲਤਾਵਾਂ ਤੋਂ ਤਾਂ ਸਿੱਖਦੇ ਹੀ ਹਨ, ਦੂਜਿਆਂ ਦੇ ਤਜ਼ਰਬਿਆਂ ਤੋਂ ਵੀ ਲਾਭ ਉਠਾਉਂਦੇ ਹਨ । ਲਾਇਬ੍ਰੇਰੀ, ਸਿੱਖਿਆ ਦਾ ਬਹੁਤ ਸਸਤਾ ਸਾਧਨ ਹੈ । ਅਖ਼ਬਾਰ, ਰਿਸਾਲਿਆਂ ਤੋਂ ਇਲਾਵਾ ਉੱਥੇ ਚੰਗੀਆਂ ਪੁਸਤਕਾਂ ਵੱਡੀ ਹਾਲਤ ਵਿੱਚ ਹੁੰਦੀਆਂ ਹਨ । ਇਹਨਾਂ ਪੁਸਤਕਾਂ ਵਿੱਚ ਮਹਾਨ ਪੁਰਖਾਂ ਦੇ ਵਿਚਾਰ ਹੁੰਦੇ ਹਨ । ਵੈਸੇ ਅੱਜ-ਕੱਲ੍ਹ ਤਾਂ ਵੱਡੇ ਸ਼ਹਿਰਾਂ ਵਿੱਚ ਛੋਟੇ-ਛੋਟੇ ਕੋਰਸ, ਖਾਣਾ ਪਕਾਉਣ ਤੋਂ ਲੈ ਕੇ ਖ਼ੁਸ਼ ਰਹਿਣ ਦੀ ਜਾਚ ਤੱਕ ਸਿਖਾਉਣ ਵਾਲ਼ੇ, ਸਾਲ ਭਰ ਚੱਲਦੇ ਰਹਿੰਦੇ ਹਨ ।

**ਪ੍ਰਸ਼ਨ :**

(ੳ) ਲੇਖਕ ਦਾ ਸਿੱਖਿਆ ਤੋਂ ਕੀ ਭਾਵ ਹੈ ?

(ਅ) ਸਿੱਖਿਆ ਦੇ ਮੌਕੇ ਕਿਹੜੇ-ਕਿਹੜੇ ਹੋ ਸਕਦੇ ਹਨ ?

(ੲ) ਲਾਇਬ੍ਰੇਰੀ ਸਿੱਖਣ ਦਾ ਸਾਧਨ ਕਿਵੇਂ ਹੋ ਸਕਦੀ ਹੈ ?

(ਸ) ਵੱਡੇ ਸ਼ਹਿਰਾਂ ਵਿੱਚ ਸਿੱਖਿਆ ਦੀ ਹੋਰ ਕਿਹੜੀ ਸਹੂਲਤ ਮਿਲ਼ਦੀ ਹੈ ? 1+1+1+1=4

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ :
ਊੱਨੀ ਇੱਕੀ ਦਾ ਫ਼ਰਕ ਹੋਣਾ, ਅੱਖਾ ਦਿਖਾਉਣਾ, ਸਿਰ 'ਤੇ ਹੱਥ ਧਰਨਾ, ਕਰਮਾਂ ਨੂੰ ਰੋਣਾ, ਤਰਲੋ-ਮੱਛੀ ਹੋਣਾ, ਨੱਕ ਨਕੇਲ ਪਾਉਣਾ, ਪਾਣੀ ਵਾਰ ਕੇ ਪੀਣਾ, ਲੈਣੇ ਦੇ ਦੇਣੇ ਪੈ ਜਾਣੇ, ਵਾਲ਼ ਵਿੰਗਾ ਨਾ ਹੋਣਾ, ਕੱਚਾ ਕਰਨਾ । 5

7. ਵਿਸਰਾਮ ਚਿੰਨ੍ਹ ਲਾ ਕੇ ਦੁਬਾਰਾ ਲਿਖੋ :
ਬਈ ਵਾਹ ਤੂੰ ਕਮਾਲ ਕਰ ਦਿੱਤਾ ਏ ਜਮਾਤ ਵਿੱਚੋਂ ਅੱਵਲ ਆ ਕੇ 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :
(ੳ) ਵਿਆਕਰਨ ਦੇ ਮੁੱਖ ਅੰਗ ਕਿਹੜੇ-ਕਿਹੜੇ ਹਨ ?
(ਅ) ਉਪਬੋਲੀ (ਉਪਭਾਸ਼ਾ) ਕੀ ਹੁੰਦੀ ਹੈ ?
(ੲ) ਸੁਰ-ਧੁਨੀਆਂ ਕੀ ਹੁੰਦੀਆਂ ਹਨ ? ਪੰਜਾਬੀ 'ਚ ਕਿਹੜੀਆਂ-ਕਿਹੜੀਆਂ ਧੁਨੀਆਂ ਸੁਰ ਹਨ ? 3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :
(ੳ) ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ ? ਇਸ ਦੇ ਕਿੰਨੇ ਵਰਨ ਜਾਂ ਅੱਖਰ ਹਨ ?
(ਅ) ਅਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ ? 2

10. (ੳ) ਨਾਂਵ ਜਾਂ ਸੰਬੰਧਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ ।
(ਅ) ਕਿਰਿਆ-ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ । 2+2=4

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :
ਮੇਰਾ ਹਰਮਨ-ਪਿਆਰਾ ਲੇਖਕ ਬਾਲ-ਲੇਖਕ ਹੈ । 2

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਭਵਿੱਖਤ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :
ਸਾਡੇ ਬਜ਼ੁਰਗ ਲੱਸੀ ਪੀਂਦੇ ਤੇ ਗੁੜ ਖਾਂਦੇ ਹਨ । 2

13. (ੳ) 'ਜੱਗ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ ।
(ਅ) 'ਆਥਣ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ ।
(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :
ਜਿਹੜੇ ਇੱਕੋ ਸਮੇਂ ਹੋਣ । 1+1+1=3